adda247

30.10.18 Evening

पुस्तिका में पृष्ठों की संख्या–16
No. of pages in Booklet -16
पुस्तिका में प्रश्नों की संख्या–150
No. of Questions in Booklet -150
Subject Code – 04
विषय / SUBJECT : **PUNJABI**

# ST - 81

## PAPER-II

Question Paper Booklet No.
प्रश्न–पत्र पुस्तिका संख्या
5004469

समय : 2.30 घण्टे
Time: 2.30 Hours

अधिकतम अंक : 300
Maximum Marks: 300

प्रश्न–पत्र पुस्तिका एवं उत्तर पत्रक के पेपर सील / पॉलिथीन बैग को खोलने पर परीक्षार्थी यह सुनिश्चित कर लें कि उसके प्रश्न–पत्र पुस्तिका पर वही प्रश्न–पत्र पुस्तिका संख्या अंकित है जो उत्तर पत्रक पर अंकित है। इसमें कोई भिन्नता हो तो वीक्षक से दूसरा प्रश्न–पत्र प्राप्त कर लें। ऐसा न करने पर जिम्मेदारी अभ्यर्थी की होगी।

The candidate should ensure that Question Paper Booklet No. of the Question Paper Booklet and Answer Sheet must be same after opening the Paper Seal/ polythene bag. In case they are different, a candidate must obtain another Question Paper from the Invigilator. Candidate himself shall be responsible for ensuring this.

## परीक्षार्थियों के लिए निर्देश

1. **सभी** प्रश्नों के उत्तर दीजिए।
2. **सभी** प्रश्नों के अंक समान हैं।
3. प्रत्येक प्रश्न का केवल **एक** ही उत्तर दीजिए।
4. एक से अधिक उत्तर देने की दशा में प्रश्न के उत्तर को गलत माना जाएगा।
5. प्रत्येक प्रश्न के चार वैकल्पिक उत्तर दिये गये हैं, जिन्हें क्रमश: 1, 2, 3, 4 अंकित किया गया है। अभ्यर्थी को सही उत्तर निर्दिष्ट करते हुए उनमें से केवल एक गोले अथवा बबल को उत्तर पत्रक पर **नीले बॉल प्वाइंट पेन** से गहरा करना है।
6. OMR उत्तर पत्र इस परीक्षा पुस्तिका के साथ रखा है। जब आपको परीक्षा पुस्तिका खोलने को कहा जाए, तो उत्तर पत्र निकाल कर ध्यान से केवल **नीले** बॉल प्वाइंट पेन से विवरण भरें। **OMR उत्तर पत्र पर प्रश्न–पत्र पुस्तिका संख्या ध्यानपूर्वक भरें।**
7. **प्रत्येक गलत उत्तर के लिए प्रश्न अंक का 1/3 भाग काटा जायेगा।** गलत उत्तर से तात्पर्य अशुद्ध उत्तर अथवा किसी भी प्रश्न के एक से अधिक उत्तर से है। किसी भी प्रश्न से संबंधित गोले या बबल को खाली छोड़ना गलत उत्तर नहीं माना जायेगा।
8. मोबाइल फोन अथवा इलेक्ट्रॉनिक यंत्र का परीक्षा हॉल में प्रयोग पूर्णतया वर्जित है। यदि किसी अभ्यर्थी के पास ऐसी कोई वर्जित सामग्री मिलती है तो उसके विरुद्ध आयोग द्वारा नियमानुसार कार्यवाही की जायेगी।
9. कृपया अपना रोल नम्बर ओ.एम.आर. पत्रक पर सावधानीपूर्वक सही भरें। गलत अथवा अपूर्ण रोल नम्बर भरने पर **5 अंक** कुल प्राप्तांकों में से काटे जा सकते हैं।
10. यदि किसी प्रश्न में किसी प्रकार की कोई मुद्रण या तथ्यात्मक प्रकार की त्रुटि हो तो प्रश्न के हिन्दी तथा अंग्रेजी रूपान्तरों में से अंग्रेजी रूपान्तर मान्य होगा।

***चेतावनी:*** *अगर कोई अभ्यर्थी नकल करते पकड़ा जाता है या उसके पास से कोई अनधिकृत सामग्री पाई जाती है, उस अभ्यर्थी के विरुद्ध पुलिस में प्राथमिकी दर्ज कराते हुए विविध नियमों–प्रावधानों के तहत कार्यवाही की जाएगी। साथ ही विभाग ऐसे अभ्यर्थी को भविष्य में होने वाली विभाग की समस्त परीक्षाओं से विवर्जित कर सकता है।*

## INSTRUCTIONS FOR CANDIDATES

1. Answer **all** questions.
2. **All** questions carry equal marks.
3. Only **one** answer is to be given for each question.
4. If more than one answers are marked, it would be treated as wrong answer.
5. Each question has four alternative responses marked serially as **1, 2, 3, 4**. You have to darken only one circle or bubble indicating the correct answer on the Answer Sheet using **BLUE BALL POINT PEN.**
6. The OMR Answer Sheet is kept with this Test Booklet. When you are directed to open the Test Booklet, take out the Answer Sheet and fill in the particulars carefully with **blue** ball point pen only. **Please fill the Question Paper Booklet no. on the OMR Answer Sheet carefully.**
7. **1/3 part of the mark(s) of each question will be deducted for each wrong answer.** (A wrong answer means an incorrect answer or more than one answers for any question. Leaving all the relevant circles or bubbles of any question blank will not be considered as wrong answer.)
8. Mobile Phone or any other electronic gadget in the examination hall is strictly prohibited. A candidate found with any of such objectionable material with him/her will be strictly dealt as per rules.
9. Please correctly fill your Roll Number in O.M.R. Sheet. **5 Marks** can be deducted for filling wrong or incomplete Roll Number.
10. If there is any sort of ambiguity/mistake either of printing or factual nature then out of Hindi and English Version of the question, the English Version will be treated as standard.

***Warning*** *: If a candidate is found copying or if any unauthorized material is found in his/her possession, F.I.R. would be lodged against him/her in the Police Station and he/she would liable to be prosecuted. Department may also debar him/her permanently from all future examinations.*

**इस परीक्षा पुस्तिका को तब तक न खोलें जब तक कहा न जाए।**

**Do not open this Test Booklet until you are asked to do so.**

1. ਇਲਾਕਾਈ ਕਵਿਤਾਵਾਂ ਕਿਹੜੇ ਪੱਧਰ ਉੱਪਰ ਪੜ੍ਹਾਈਆਂ ਜਾਣੀਆਂ ਚਾਹੀਦੀਆਂ ਹਨ –

(1) ਸੈਕੰਡਰੀ (2) ਉੱਚ ਸ਼੍ਰੇਣੀ
(3) ਮਿਡਲ (4) ਪ੍ਰਾਇਮਰੀ

2. ਉਹ ਕਿਹੜੀ ਕਲਾਤਮਿਕ ਵਿਧੀ ਹੈ, ਜਿਸ ਰਾਹੀਂ ਅਮੂਰਤ ਕਥਾਨਕ ਨੂੰ ਸਮੂਰਤ ਰੂਪ ਪ੍ਰਦਨਾ ਕੀਤਾ ਜਾਂਦਾ ਹੈ –

(1) ਕਥਾਨਕ (2) ਵਾਰਤਾਲਾਪ
(3) ਪਾਤਰ ਉਸਾਰੀ (4) ਪ੍ਰਕਿਰਤੀ ਚਿਤਰਨ

3. ਪ੍ਰਸ਼ਨ-ਉੱਤਰ, ਬਹਿਸ ਅਤੇ ਕਾਰਜ-ਗੁਣ ਵਿਸ਼ੇਸ਼ਣ ਦਾ ਸੰਬੰਧ ਕਿਹੜੀ ਵਿਆਕਰਨ ਸਿੱਖਿਆ ਪ੍ਰਣਾਲੀ ਨਾਲ ਹੈ –

(1) ਆਗਮਨ ਪ੍ਰਣਾਲੀ (2) ਨਿਗਮਨ ਪ੍ਰਣਾਲੀ
(3) ਵਿਆਸ ਪ੍ਰਣਾਲੀ (4) ਪ੍ਰਤੱਖ ਭਾਸ਼ਾ ਪ੍ਰਣਾਲੀ

4. ਧਨੀ ਰਾਮ ਚਾਤ੍ਰਿਕ ਰਚਿਤ 'ਸਾਉਣ' ਕਵਿਤਾ ਕਿਹੜੇ ਕਾਵਿ-ਸੰਗ੍ਰਹਿ ਵਿੱਚ ਦਰਜ਼ ਹੈ –

(1) ਚੰਦਨ ਵਾੜੀ (2) ਸੂਫ਼ੀ ਖਾਨਾ
(3) ਨਵਾਂ ਜਹਾਨ (4) ਕੇਸਰ ਕਿਆਰੀ

5. ਤਸੱਵਰ ਦੇ ਨਜ਼ਾਰੇ ਤੇ
ਭਲਾ ਅਰਮਾਨ ਵੀ ਕਾਹਦਾ ?
ਹਨੇਰੇ ਤੋਂ ਕਦੇ ਕੰਬੇ ਕਿਰਨ ਇਹ ਨਿਰਮਲ ਸੀ
ਕਿਉਂ ?

ਉਪਰੋਕਤ ਕਾਵਿ-ਸਤਰਾਂ ਵਿੱਚ ਆਏ ਸ਼ਬਦ 'ਤਸੱਵਰ' ਤੋਂ ਕੀ ਭਾਵ ਹੈ –

(1) ਸੁਰਗ (2) ਦੀਦ
(3) ਕੁਦਰਤ (4) ਕਲਪਨਾ

6. 'ਗੁਰਮੁਖੀ ਦਾ ਨਿਕਾਸ਼ ਪ੍ਰਾਚੀਨ ਸ਼ਾਰਦਾ ਤੋਂ ਹੀ ਹੈ ਜਿਹੜੀ ਕੁਟਿਲ ਬਿਧੀ ਤੇ ਗੁਪਤ ਲਿਪੀ ਵਿਚੋਂ ਹੁੰਦੀ ਹੋਈ ਬ੍ਰਾਹਮੀ ਦੀ ਉੱਤਰੀ ਸ਼ੈਲੀ ਨਾਲ ਜਾ ਮਿਲਦੀ ਹੈ' ਇਹ ਵਿਚਾਰ ਕਿਸ ਵਿਦਵਾਨ ਨੇ ਪੇਸ਼ ਕੀਤੀ –

(1) ਡਾ. ਪ੍ਰੇਮ ਪ੍ਰਕਾਸ਼ ਸਿੰਘ (2) ਡਾ. ਹਰਕੀਰਤ ਸਿੰਘ
(3) ਜਾਰਜ ਗ੍ਰੀਅਰਸਨ (4) ਬਯੂਹਲਰ

7. ਪ੍ਰੋ. ਪੂਰਨ ਸਿੰਘ 'ਰੱਬ ਦੀਆਂ ਪੈਲੀਆਂ' ਕਿੰਨਾਂ ਨੂੰ ਕਹਿੰਦਾ ਹੈ –

(1) ਮਜ਼ਦੂਰਾਂ ਨੂੰ (2) ਕਿਸਾਨਾਂ ਨੂੰ
(3) ਖੁੱਲ੍ਹੇ ਖੇਤਾਂ ਨੂੰ (4) ਖੁੱਲ੍ਹੇ ਮੈਦਾਨਾਂ ਨੂੰ

8. ਜਿਹੜਾ ਸ਼ਬਦ ਜਾਂ ਸ਼ਬਦ-ਸਮੂਹ ਵਾਕ ਦੇ 'ਕਰਤਾ' ਜਾਂ 'ਕਰਮ' ਦਾ ਕਾਰਜ ਨਿਭਾਉਂਦਾ ਹੈ, ਅਖਵਾਉਂਦਾ ਹੈ –

(1) ਕਰਤਾ ਵਾਕੰਸ਼ (2) ਕਰਮ ਵਾਂਕੰਸ
(3) ਨਾਂਵ ਵਾਕੰਸ਼ (4) ਸੰਬੰਧਕ ਵਾਕੰਸ

9. ਮਹਾਰਾਜਾ ਗੰਗਾ ਸਿੰਘ ਨੇ 'ਗੰਗਨਹਿਰ' ਦਾ ਨੀਂਹ ਪੱਥਰ ਕਦੋਂ ਰੱਖਿਆ –

(1) 1920 (2) 1923
(3) 1925 (4) 1927

10. ਗੁਰਮਤਿ ਕਾਵਿ ਵਿੱਚ 'ਪੰਦ' ਕਾਵਿ-ਰੂਪ ਦਾ ਪ੍ਰਯੋਗ ਸਭ ਤੋਂ ਪਹਿਲਾਂ ਕੀਤਾ –

(1) ਭਗਤ ਕਬੀਰ ਜੀ (2) ਸ਼ੇਖ਼ ਫ਼ਰੀਦ ਜੀ
(3) ਗੁਰੂ ਅਰਜਨ ਦੇਵ ਜੀ (4) ਗੁਰੂ ਨਾਨਕ ਦੇਵ ਜੀ

11. ਕਿਸ ਵਿਦਵਾਨ ਨੇ ਕਵਿਤਾ ਦੇ ਅਧਿਆਪਨ ਨੂੰ ਪਰੀਖਿਆ ਤੋਂ ਬਾਹਰ ਕੱਢਣ ਦੀ ਸਿਫ਼ਾਰਸ਼ ਕੀਤੀ –

(1) ਰਾਇਬਰਨ (2) ਸ਼ੈਲੇ
(3) ਵਰਡਜ਼ਵਰਥ (4) ਹਡਸਨ

adda247

12. ਕਿਹੜੀ ਭਾਸ਼ਾ ਵਿਆਕਰਨ ਦੇ ਨੇਮਾਂ ਤੋਂ ਪਰਾਹਨ ਕਰਦੀ ਹੈ –

(1) ਟਕਸਾਲੀ ਭਾਸ਼ਾ (2) ਕਾਵਿ ਭਾਸ਼ਾ

(3) ਗੱਦ ਭਾਸ਼ਾ (4) ਕੋਈ ਨਹੀਂ

13. 'ਕੁਲਫ਼ੀ' ਸ਼ਬਦ 'ਕੁਲਫ਼' ਤੋਂ ਬਣਿਆ ਹੈ। 'ਕੁਲਫ਼ੀ' ਕਹਾਣੀ ਵਿੱਚ ਆਏ ਵੇਰਵੇ ਮੁਤਾਬਿਕ 'ਕੁਲਫ਼' ਦਾ ਕੀ ਅਰਥ ਦੱਸਿਆ ਗਿਆ ਹੈ–

(1) ਜੰਦਰਾ (2) ਗਹਿਣਾ

(3) ਬੂਹਾ (4) ਕੁੰਡੀ

14. ਸਕੂਲੀ ਪਾਠਕਰਮ ਵਿੱਚ ਕਵਿਤਾ ਪੜ੍ਹਾਉਣ ਸੰਬੰਧੀ ਕਿਹੜਾ ਕਾਰਨ ਢੁੱਕਵਾਂ ਹੈ –

(1) ਮਨੁੱਖੀ ਸ਼ਖ਼ਸੀਅਤ ਨੂੰ ਦਲੀਲ ਪ੍ਰਦਾਨ ਕਰਨ ਦੀ ਸਮਰੱਥਾ ਦਿੰਦੀ ਹੈ।

(2) ਮਨੁੱਖੀ ਜੀਵਨ ਦੇ ਬਾਹਰੀ ਪੱਖਾਂ ਦਾ ਵਿਕਾਸ ਕਰਦੀ ਹੈ।

(3) ਮਨੁੱਖੀ ਸ਼ਖ਼ਸੀਅਤ ਦੇ ਸੂਖ਼ਮ ਪੱਖਾਂ ਦੀ ਉਸਾਰੀ ਕਰਦੀ ਹੈ।

(4) ਮਨੁੱਖੀ ਸ਼ਖ਼ਸੀਅਤ ਵਿੱਚ ਭਾਸ਼ਾਈ ਆਲੋਚਨਾ ਬਿਰਤੀ ਦਾ ਵਿਕਾਸ ਕਰਦੀ ਹੈ।

15. ਨਾਟਕੀ ਕਥਾ ਨੂੰ ਗਤੀ ਪ੍ਰਦਾਨ ਕਰਨ ਵਾਲੀਆਂ 'ਅਰਥ-ਪ੍ਰਕਿਰਤੀਆਂ' ਹਨ –

(1) ਪ੍ਰਾਰੰਭ, ਪ੍ਰਯਤਨ, ਪ੍ਰਾਪਤੀ, ਨਿਯਤ ਆਪਤੀ, ਫਲਾਗਮ

(2) ਆਰੰਭ, ਸੰਘਰਸ਼, ਸ਼ਿਖ਼ਰ, ਪ੍ਰਕਰੀ ਕਾਰਯ

(3) ਬੀਜ, ਬਿੰਦੂ, ਪਤਾਕਾ, ਪ੍ਰਕਰੀ, ਕਾਰਯ

(4) ਪ੍ਰਸਤਾਵਨਾ, ਕਾਰਜੀ ਵਿਕਾਸ, ਚਰਮ ਸੀਮਾ, ਨਿਖੇੜਾ, ਅੰਤ

16. ਮੂਲ ਮੰਤਰ ਵਿੱਚ ਕੁੱਲ ਅੰਕ ਅਤੇ ਸ਼ਬਦ ਹਨ –

(1) 1 ਅਤੇ 12 (2) 1 ਅਤੇ 13

(3) 1 ਅਤੇ 11 (4) 1 ਅਤੇ 10

17. ਹਿਕਮਤ ਓਸ ਖ਼ੁਦਾਵੰਦ ਵਾਲੀ, ਮਾਲਕ ਮੁਲਖ ਮਲਕ ਦਾ । ਲੱਖ ਕਰੋੜ ਕਰਨ ਚਤਰਾਈਆਂ, ਕੋਈ ਪਛਾਣ ਨਾ ਸਕਦਾ ।
ਉਪਰੋਕਤ ਸਤਰਾਂ ਕਿਸ ਕਿੱਸੇ ਦੇ ਮੰਗਲਾਚਰਨ ਨਾਲ ਸੰਬੰਧਿਤ ਹਨ –

(1) ਹੀਰ – ਦਮੋਦਰ (2) ਪੂਰਨ ਕਾਦਰਯਾਰ

(3) ਸੋਹਣੀ – ਫ਼ਜ਼ਲਸ਼ਾਹ (4) ਸੱਸੀ – ਹਾਸ਼ਮ

18. 'ਵਾਰ ਦੁਰਗਾ ਕੀ' ਵਿੱਚ ਕੁੱਲ ਬੰਦ ਅਤੇ ਪਉੜੀਆਂ ਹਨ –

(1) 55 ਬੰਦ ਅਤੇ 55 ਪਉੜੀਆਂ (2) 55 ਬੰਦ ਅਤੇ 45 ਪਉੜੀਆਂ

(3) 55 ਬੰਦ ਅਤੇ 35 ਪਉੜੀਆਂ (4) 55 ਬੰਦ ਅਤੇ 25 ਪਉੜੀਆਂ

19. 'ਜਠੇਰਾ' ਸ਼ਬਦ ਵਿਸ਼ੇਸ਼ਣ ਦੀ ਕਿਸ ਅਵਸਥਾ ਅਧੀਨ ਆਉਂਦਾ ਹੈ –

(1) ਅਧਿਕਤਮ (2) ਅਧਿਕਤਰ

(3) ਸਮਾਨ (4) ਤਿੰਨੋ

20. ਬੁੱਲ੍ਹੇ ਸ਼ਾਹ ਦੇ ਅਠਵਾਰੇ ਵਿੱਚ ਕਿਹੜੇ ਵਾਰ ਨੂੰ ਦੋ ਵਾਰ ਛੰਦ ਬੱਧ ਕੀਤਾ ਗਿਆ ਹੈ –

(1) ਵੀਰਵਾਰ (2) ਸ਼ੁਕਰਵਾਰ

(3) ਸ਼ਨਿਚਰਵਾਰ (4) ਐਤਵਾਰ

21. ਗੁਰਦਿਆਲ ਸਿੰਘ ਦੀ ਕਹਾਣੀ 'ਘੜੀ ਤਾਂ ਖ਼ਰਾਬ ਹੋ-ਗੀ' ਵਿੱਚ ਹੇਠ ਲਿਖੇ ਵਿਚੋਂ ਕਿਹੜਾ ਪਾਤਰ ਨਹੀਂ ਹੈ –

(1) ਕੁੰਢਾ (2) ਖੇਮਾ

(3) ਧੀਰੋ (4) ਫੰਗਣ

22. 'ਜੁਗਤਿ ਦਾ ਟੋਪ ਗੁਰਮੁਖੀ ਬੋਲੀ' ਇਹ ਕਿਸ ਨੇ ਕਿਹਾ ਹੈ –

(1) ਗੁਰੂ ਨਾਨਕ ਦੇਵ ਜੀ (2) ਗੁਰੂ ਅੰਗਦ ਦੇਵ ਜੀ

(3) ਬਾਬਾ ਸ੍ਰੀ ਚੰਦ (4) ਗੋਰਖ ਨਾਥ



adda247

23. 'ਅੰਨ੍ਹੇ ਨਿਸ਼ਾਨਚੀ' ਇਕਾਂਗੀ ਵਿੱਚ 'ਆ ਗੀ ਸਾਬ੍ਹ 'ਚ ਗੱਲ' ਤਕੀਆ-ਕਲਾਮ ਦਾ ਸੰਬੰਧ ਕਿਸ ਪਾਤਰ ਨਾਲ ਹੈ –

(1) ਨੱਥੂ ਰਾਮ (2) ਹੇਤ ਰਾਮ

(3) ਖੜਕ ਸਿੰਘ (4) ਫੱਟੇ ਚੱਕ

24. ਗੁਰਮੁਖੀ ਲਿਪੀ ਦੇ ਜਨਮ ਸੰਬੰਧੀ ਪਹਿਲੇ ਹਵਾਲੇ ਦੇ ਤੌਰ 'ਤੇ ਸ੍ਰੋਤ ਪ੍ਰਾਪਤ ਹੁੰਦਾ ਹੈ –

(1) ਕਰਤਾਰਪੁਰੀ ਬੀੜ (2) ਭਾਈ ਬੰਨ੍ਹੋ ਸ਼ਾਖ਼ ਬੀੜ

(3) ਬਾਬਾ ਮੋਹਨ ਦੀ ਪੋਥੀ (4) ਦਮਦਮੀ ਬੀੜ

25. ਕਿੱਸਾ-ਕਾਵਿ ਵਿੱਚ ਕਿੱਸਾਕਾਰ ਜਦੋਂ ਕਿੱਸੇ ਦੀ ਕਹਾਣੀ ਨੂੰ ਰੋਕ ਕੇ ਆਪਣੇ ਵੱਲੋਂ ਉਪਦੇਸ਼ ਦੇਣਾ ਸ਼ੁਰੂ ਕਰ ਦੇਵੇ ਤਾਂ ਉਸ ਜੁਗਤ ਨੂੰ ਕੀ ਕਿਹਾ ਜਾਂਦਾ ਹੈ –

(1) ਅਟਲ ਸੱਚਾਈਆਂ (2) ਕਾਵਿ ਸੁਨੇਹਾ

(3) ਕਾਵਿਓਵਾਚ (4) ਮੰਗਲਾਚਰਨ

26. 'ਗੁੱਝਣਾ' ਕਰਮਣੀ ਰੂਪ ਦਾ ਕਰਤਰੀ ਰੂਪ ਹੋਏਗਾ –

(1) ਗੁੱਝਦਾ (2) ਗੁੰਨ੍ਹਣਾ

(3) ਗੁੱਝਾ (4) ਗੁੱਝ ਰਿਹਾ

27. ਮੂੰਹ ਦੇ ਪਿਛਲੇ ਹਿੱਸੇ ਤੋਂ ਉਚਾਰੇ ਜਾਣ ਵਾਲੇ ਸਵਰਾਂ ਦਾ ਵਾਹਨ ਕਿਹੜਾ ਸਵਰ ਵਾਹਕ ਬਣਦਾ ਹੈ –

(1) ੲ (2) ਅ

(3) ੳ (4) ਤਿੰਨੋ

28. ਕਿਹੜੇ ਗੁਰੂ ਸਾਹਿਬ ਨੇ ਆਪਣੀ ਬਾਣੀ ਬਾਣੀ ਵਿੱਚ 'ਹੋੜੇ' ਸਵਰ ਦੀ ਵਰਤੋਂ ਨਾਲ ਤੁਕਾਂਤ ਉੱਤੇ ਧੁਨੀਆਂ ਦਾ ਦੀਰਘੀਕਰਣ ਕੀਤਾ ਹੈ–

(1) ਪਹਿਲੇ (2) ਦੂਜੇ

(3) ਤੀਜੇ (4) ਚੌਥੇ

29. "ਜਦ ਅਮੀਰ ਲੋਕ ਹੱਦ ਥੀ' ਵੱਧ ਅਤਯਾਚਾਰ ਕਰਦੇ ਹਨ, ਤਦ ਰੱਬ ਵੱਲੋਂ ਹੀ ਕੋਈ ਤੂਫ਼ਾਨ ਸੋਸਾਇਟੀ ਵਿੱਚ ਆਉਂਦਾ ਹੈ, ਜਿਹੜਾ ਸੋਸਾਇਟੀ ਦੀ ਜ਼ਮੀਨ ਉੱਚੀ ਨਿੱਚੀ ਪੈਲੀ ਵਿੱਚ ਕਰਾਹ ਫੇਰਦਾ ਹੈ ਤੇ ਬੰਨੇ-ਚੰਨੇ ਵੱਟ ਟੋਬੇ ਨੂੰ ਇੱਕ ਬਰਾਬਰ ਕਰ ਦਿੰਦਾ ਹੈ।"

ਉਪਰੋਕਤ ਸਤਰਾਂ ਕਿਸਦੀ ਵਾਰਤਿਕ-ਸ਼ੈਲੀ ਦਾ ਨਮੂਨਾ ਹਨ –

(1) ਭਾਈ ਵੀਰ ਸਿੰਘ (2) ਪ੍ਰਿੰ. ਤੇਜਾ ਸਿੰਘ

(3) ਪ੍ਰੋ. ਪੂਰਨ ਸਿੰਘ (4) ਗੁਰਬਖ਼ਸ਼ ਸਿੰਘ ਪ੍ਰੀਤਲੜੀ

30. 'ਬਾਰਹਮਾਹਾ ਮਾਝ' ਦੀ ਭਾਸ਼ਾ ਹੈ –

(1) ਪੂਰਬੀ ਪੰਜਾਬੀ (2) ਪੱਛਮੀ ਪੰਜਾਬੀ

(3) ਬ੍ਰਜਭਾਸ਼ਾ (4) ਮੁਲਤਾਨੀ

31. ਫ਼ਰੀਦ-ਬਾਣੀ ਦਾ 'ਛੰਦ-ਵਿਧਾਨ' ਕਿਹੜੀਆਂ ਦੋ ਸ਼ੈਲੀਆਂ ਵਿੱਚ ਹੈ –

(1) ਸ਼ਬਦ ਤੇ ਰਾਗ (2) ਵੈਰਾਗ ਤੇ ਸ਼ਲੋਕ

(3) ਸੋਰਠਾ ਤੇ ਦੋਹਾ (4) ਗੇਯ-ਪਦ ਤੇ ਦੋਹਾ

32. 'ਗੁਰਮੁਖਿ ਨਾਦੰ ਗੁਰਮੁਖਿ ਵੇਦੰ' ਪਉੜੀ ਵਿੱਚ ਕਿਸ ਛੰਦ ਦੀ ਵਰਤੋਂ ਕੀਤੀ ਗਈ ਹੈ –

(1) ਚੌਪਈ (2) ਦਵਈਆ

(3) ਸਿਰਖੰਡੀ (4) ਕੋਰੜਾ

33. 'ਸੋਹਿਲਾ' ਨੂੰ ਲੋਕਬੋਲੀ ਵਿੱਚ ਕੀ ਕਿਹਾ ਜਾਂਦਾ ਹੈ–

(1) ਮੰਗਲ (2) ਪ੍ਰਸ਼ੰਸਾ

(3) ਸ਼੍ਰੇਸ਼ਟ (4) ਸੰਯੋਗ

34. ਕਵਿਤਾ ਅਧਿਆਪਨ ਦੀ ਕਿਹੜੀ ਵਿਧੀ ਰਾਹੀਂ 'ਅਧਿਆਪਕ ਦਾ ਪਾਠਕਰਮ' ਜਲਦੀ ਪੂਰਾ ਹੁੰਦਾ ਹੈ –

(1) ਬਾਲਗੀਤ ਪ੍ਰਣਾਲੀ (2) ਅਰਥ-ਬੋਧ ਪ੍ਰਣਾਲੀ

(3) ਵਿਆਖਿਆ ਪ੍ਰਣਾਲੀ (4) ਤੁਲਨਾ ਪ੍ਰਣਾਲੀ

adda247

35. "ਸ਼੍ਰੀਮਤੀ ਨੌਰਾ ਰਿਚਰਡਸ ਪੰਜਾਬੀ ਨਾਟਕ ਦੀ ਮਾਂ ਹੈ, ਜਿਸ ਦੀ ਪ੍ਰੇਰਨਾ ਨਾਲ ਆਈ. ਸੀ. ਨੰਦਾ ਨੇ ਪਹਿਲਾ ਨਾਟਕ 'ਸੁਭੱਦਰਾ' ਲਿਖਿਆ।"
ਉਪਰੋਕਤ ਕਥਨ ਕਿਸ ਦਾ ਹੈ?

(1) ਸੰਤ ਸਿੰਘ ਸੇਖੋਂ (2) ਡਾ. ਹਰਚਰਨ ਸਿੰਘ
(3) ਬਲਵੰਤ ਗਾਰਗੀ (4) ਡਾ. ਮੋਹਨ ਸਿੰਘ ਦੀਵਾਨਾ

36. ਯਾਦ, ਚਿੰਤਾ, ਸ਼ੰਕਾ, ਪਛਤਾਵਾ ਦਾ ਸੰਬੰਧ ਕਿਹੜੀ ਰਸ-ਸਮੱਗਰੀ ਨਾਲ ਹੈ –

(1) ਕਾਰਨ (2) ਕਾਰਜ
(3) ਸਹਿਕਾਰੀ ਕਾਰਨ (4) ਆਲੰਬਨ

37. ਅਰਸਤੂ ਨੇ ਕਿਸ ਤੱਤ ਨੂੰ ਸਾਹਿਤ ਦਾ ਕੇਂਦਰੀ ਤੱਤ ਮੰਨਿਆ ਹੈ –

(1) ਪਲਾਟ (2) ਪਾਤਰ – ਚਿਤਰਨ
(3) ਵਾਰਤਾਲਾਪ (4) ਵਿਸ਼ਾ-ਵਸਤੂ

38. ਅਸੰਗਤ ਚੁਣੋ –

(1) ਜਰਗ ਦਾ ਮੇਲਾ – ਵਿਸਾਖ (2) ਜਗਰਾਵਾਂ ਦੀ ਰੌਸ਼ਨੀ – ਫੱਗਣ
(3) ਛਪਾਰ ਦਾ ਮੇਲਾ – ਭਾਦੋਂ (4) ਸ਼ਹੀਦੀ ਜੋੜ ਮੇਲਾ ਫਤਹਿਗੜ੍ਹ ਸਾਹਿਬ – ਪੋਹ

39. ਕਿਹੜੇ ਗੁਰੂ ਸਾਹਿਬ ਦੀ ਬਾਣੀ ਵਿੱਚ ਪਰਮਾਤਮਾ ਲਈ 'ਹਰਿ' ਸ਼ਬਦ ਦੀ ਵਰਤੋਂ ਸਭ ਤੋਂ ਵਧੇਰੇ ਹੈ –

(1) ਸ਼੍ਰੀ ਗੁਰੂ ਨਾਨਕ ਦੇਵ ਜੀ (2) ਸ਼੍ਰੀ ਗੁਰੂ ਅਮਰਦਾਸ ਜੀ
(3) ਸ਼੍ਰੀ ਗੁਰੂ ਰਾਮ ਦਾਸ ਜੀ (4) ਸ਼੍ਰੀ ਗੁਰੂ ਅਰਜਨ ਦੇਵ ਜੀ

40. ਕਿਸੇ ਜਨ-ਸਮੂਹ ਦਾ ਪਦਾਰਥ-ਜਗਤ ਅਥਵਾ ਮਸ਼ੀਨੀ-ਜਗਤ ਅਖਵਾਉਂਦਾ ਹੈ –

(1) ਲੋਕਧਾਰਾ (2) ਸਭਿਆਚਾਰ
(3) ਸਭਿਅਤਾ (4) ਲੋਕ-ਮਾਨਸ

41. ਕੱਦੂ, ਅੰਬ, ਖ਼ਰਬੂਜ਼ਾ, ਪੇਠਾ ਆਦਿ ਨਾਂਵ ਸ਼ਬਦ ਜਦੋਂ ਪੂਰੀ ਫ਼ਸਲ ਜਾਂ ਢੇਰ ਲਈ ਵਰਤੋਂ ਜਾਣ ਤਾਂ ਉਹ ਹੁੰਦੇ ਹਨ –

(1) ਜਾਤੀ ਬੋਧਕ (2) ਇਕੱਠ ਬੋਧਕ
(3) ਪਦਾਰਥ ਬੋਧਕ (4) ਵਿਸ਼ੇਸ਼ ਜਾਤੀਵਾਦੀ

42. 'ਚੰਡੀ ਦੀ ਵਾਰ' ਦੇ ਪਾਠ ਨੂੰ ਪਟਨੇ ਵਾਲੀ ਬੀੜ ਵਿੱਚ ਕਿੰਨੇ ਅਧਿਆਇ-ਖੰਡ ਵਿੱਚ ਵੰਡਿਆ ਗਿਆ ਹੈ –

(1) 6 (2) 8
(3) 10 (4) 12

43. ਜੈਸਾ ਹੋਇ ਸੁਭਾਉ ਜਾਇਗਾ ਪ੍ਰਾਣ ਸਿਉਂ। ਵਜੀਦਾ ਅੱਕ ਨਾ ਹੋਵੇ ਮਿੱਠਾ,
ਸਿੰਚਿਆ ਖਾਂਡ ਸਿਉਂ।
ਉਪਰੋਕਤ ਸਤਰਾਂ ਕਿਹੜੇ ਅਲੰਕਾਰ ਦੀ ਵੰਨਗੀ ਹਨ –

(1) ਦ੍ਰਿਸ਼ਟਾਂਤ (2) ਅਤਿਕਥਨੀ
(3) ਉਪਮਾ (4) ਰੂਪਕ

44. 'ਮਾਰ ਦਿੱਤਾ, ਮਾਰ ਲਿਆ' ਕਿਹੜੇ ਵਿਆਕਰਨਿਕ ਰੂਪਾਂ ਅੰਤਰਗਤ ਆਉਂਦੇ ਹਨ –

(1) ਨਾਂਵ ਸਮਾਸੀ ਰੂਪ (2) ਕਿਰਿਆ ਰੂਪ
(3) ਪੜਨਾਂਵੀ-ਵਿਸ਼ੇਸ਼ਣੀ ਰੂਪ (4) ਸਮਾਸੀ-ਕਿਰਿਆ ਰੂਪ

45. ਕਿਹੜੇ ਕਾਰਕ ਦਾ ਕਿਰਿਆ ਨਾਲ ਸਿੱਧਾ ਸੰਬੰਧ ਨਹੀਂ ਹੁੰਦਾ –

(1) ਕਰਤਾ ਕਾਰਕ (2) ਕਰਮ ਕਾਰਕ
(3) ਅਧਿਕਰਨ ਕਾਰਕ (4) ਸੰਬੰਧ ਕਾਰਕ

46. 'ਗਿਆਨ ਇਕ ਅਟੁੱਟ ਇਕਾਈ ਹੈ ਅਤੇ ਬੱਚਿਆਂ ਨੂੰ ਪੜ੍ਹਾਉਣ ਸਮੇਂ ਇਹ ਇਕਾਈ ਬਣੀ ਰਹਿਣ ਦੇਣੀ ਚਾਹੀਦੀ ਹੈ।' ਉਪਰੋਕਤ ਸਿਧਾਂਤ ਕਿਸ ਵਿਧੀ ਪਿੱਛੇ ਕਾਰਜਸ਼ੀਲ ਹੈ –

(1) ਸਮਵਾਇ ਵਿਧੀ (2) ਸੂਤਰ ਵਿਧੀ
(3) ਸਿਧਾਂਤ ਵਿਧੀ (4) ਤਿੰਨੋਂ

adda247

**47.** ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀਆਂ ਕੁੱਲ ਪਉੜੀਆਂ ਹਨ –

(1) 47 (2) 48

(3) 49 (4) 50

**48.** ਵਾਰ ਵਿੱਚ ਦੋਹਾਂ ਦਲਾਂ ਵਿਚਕਾਰ ਹੋਏ 'ਘਸਮਾਨ ਯੁੱਧ' ਨੂੰ ਕਿਹਾ ਜਾਂਦਾ ਹੈ –

(1) ਗੋਰਿੱਲਾ ਯੁੱਧ (2) ਵਾਕਲ ਯੁੱਧ

(3) ਮੁਠਭੇੜ (4) ਤੁਮੁਲ ਯੁੱਧ

**49.** ਮਲਵਈ ਉਪਭਾਸ਼ਾ ਵਿੱਚ 'ਕਿੱਸੇ' ਨੂੰ ਕਿਹਾ ਜਾਂਦਾ ਹੈ –

(1) ਚਿੱਠਾ (2) ਵਾਰਤਾ

(3) ਗਾਥਾ (4) ਛੰਦ

**50.** ਹਾਸ਼ਮ ਰਚਿਤ ਕਿਹੜੇ ਕਿੱਸੇ ਉੱਪਰ ਅਹਿਮਦਯਾਰ ਅਤੇ ਮੀਆਂ ਮੁਹੰਮਦ ਬਖ਼ਸ਼ ਨੇ ਆਪਣਿਆਂ ਕਿੱਸਿਆਂ ਵਿੱਚ ਇਤਰਾਜ਼ ਜ਼ਾਹਿਰ ਕੀਤਾ ਹੈ –

(1) ਸੱਸੀ ਪੁੰਨੂੰ (2) ਸੋਹਣੀ ਮਹੀਂਵਾਲ

(3) ਸ਼ੀਰੀ ਫਰਹਾਦ (4) ਹੀਰ ਰਾਂਝੇ ਦੀ ਬਿਰਤੀ

**51.** "ਹਾ .......!ਕਿੰਨਾ ਦੁੱਧ ਸੀ। ਛੱਪੜ ਲੱਗਾ ਹੋਇਆ ਏ ਦੁੱਧ ਦਾ।"

ਉਪਰੋਕਤ ਸ਼ਬਦ 'ਦੁੱਧ ਦਾ ਛੱਪੜ' ਕਹਾਣੀ ਵਿੱਚ ਕਿਸ ਦੁਆਰਾ ਕਹੇ ਗਏ ਹਨ –

(1) ਲਾਲ (2) ਲਾਲ ਦੀ ਵਹੁਟੀ

(3) ਦਿਆਲ (4) ਦਿਆਲ ਦੀ ਵਹੁਟੀ

**52.** ਗੁਰੂ ਅਮਰਦਾਸ ਰਚਿਤ 'ਵਾਰ ਸਤ' ਬਾਣੀ ਵਿੱਚ ਕਿਹੜੇ ਦਿਨ (ਵਾਰ) ਲਈ ਦੋ-ਪਦੇ ਰਚੇ ਗਏ ਹਨ –

(1) ਐਤਵਾਰ (2) ਸੋਮਵਾਰ

(3) ਮੰਗਲਵਾਰ (4) ਬੁੱਧਵਾਰ

**53.** ਵਿਸ਼ਲੇਸ਼ਣ ਵਿਧੀ, ਕਿਹੜੀ ਵਿਧੀ ਦਾ ਸੁਧਰਿਆ ਹੋਇਆ ਰੂਪ ਹੈ –

(1) ਸ਼ੰਸਲੇਸ਼ਣ ਵਿਧੀ (2) ਸਮੀਖਿਆ ਵਿਧੀ

(3) ਤੁਲਨਾ ਵਿਧੀ (4) ਵਿਆਖਿਆ ਵਿਧੀ

**54.** 'ਦੇਖਿ ਪਰਾਈਆਂ ਚੰਗੀਆਂ' ਕਾਵਿ-ਰੂਪ ਵੰਨਗੀ ਹੈ –

(1) ਸ਼ਲੋਕ (2) ਪਉੜੀ

(3) ਛੰਤ (4) ਸ਼ਬਦ

**55.** 'ਖਿੱਦੋ' ਸ਼ਬਦ ਦਾ ਲਿੰਗ ਰੂਪ ਹੈ –

(1) ਪੁਲਿੰਗ (2) ਇਸਤਰੀ ਲਿੰਗ

(3) ਪੁਲਿੰਗ ਤੇ ਇਸਤਰੀ (4) ਲਿੰਗ ਭੇਦ ਮੁਕਤ ਲਿੰਗ

**56.** ਪੰਜਾਬੀ ਸੂਫੀ ਅਤੇ ਕਿੱਸਾ ਕਾਵਿ ਵਿੱਚ ਇਸਲਾਮ ਦੇ ਕਿਹੜੇ-ਕਿਹੜੇ ਚਾਰ ਫ਼ਰਿਸ਼ਤਿਆਂ ਦਾ ਜ਼ਿਕਰ ਆਉਂਦਾ ਹੈ –

(1) ਜਿਬਰਾਇਲ, ਮਿਕਾਈਲ, ਫਿਰਔਨ, ਇਜ਼ਰਾਈਲ (2) ਜਿਬਰਾਇਲ, ਮਿਖਾਈਲ, ਇਸਰਾਫੀਲ, ਇਰਜ਼ਾਈਲ

(3) ਜਿਬਰਾਇਲ, ਮਿਖਾਈਲ, ਇਜ਼ਰਾਫੀਲ, ਇਜ਼ਰਾਈਲ (4) ਜਿਬਰਾਇਲ, ਮਿਕਾਈਲ, ਇਸਰਾਫ਼ੀਲ, ਇਜ਼ਰਾਈਲ

**57.** ਡਾ. ਜੀਤ ਸਿੰਘ ਸੀਤਲ 'ਪੰਜਾਬੀ ਦਾ ਭਗਤ ਕਬੀਰ' ਕਿਸ ਸੂਫ਼ੀ ਨੂੰ ਆਖਦੇ ਹਨ –

(1) ਬਾਬਾ ਫ਼ਰੀਦ (2) ਸ਼ਾਹ ਹੁਸੈਨ

(3) ਸੁਲਤਾਨ ਬਾਹੂ (4) ਬੁੱਲ੍ਹੇ ਸ਼ਾਹ

**58.** ਕਥਾਵਾਚਕ, ਕਥਾ ਨੂੰ ਰੋਚਕ, ਸੁਆਦਲਾ ਅਤੇ ਭਾਵ ਦੀ ਸਪਸ਼ਟਤਾ ਲਈ ਕਿਹੜੀ ਵਿਧੀ ਦਾ ਪ੍ਰਯੋਗ ਕਰਦੇ ਹਨ –

(1) ਸ਼ਬਦਾਰਥ ਵਿਧੀ (2) ਤੁਲਨਾ ਵਿਧੀ

(3) ਵਿਆਖਿਆ ਵਿਧੀ (4) ਵਿਆਸ ਵਿਧੀ

adda247

59. "ਵਾਹਿਗੁਰੂ ਤੋਂ ਭੂਤ ਪ੍ਰੇਤ ਈ ਡਰਦੇ ਨੇ,
ਆਦਮੀ ਨੀ ਡਰਦੇ।"
ਉਪਰੋਕਤ ਸਤਰਾਂ ਕਿਸ ਰਚਨਾ ਨਾਲ ਸੰਬੰਧਿਤ ਹਨ –

(1) ਪਹੁਤਾ ਪਾਂਧੀ (2) ਪੇਮੀ ਦੇ ਨਿਆਣੇ
(3) ਹਵਾ (4) ਆਤੂ ਖੋਜੀ

60. ਕਿਹੜੇ ਪੱਧਰ ਉੱਪਰ 'ਪ੍ਰਤਖ ਭਾਸ਼ਾ ਵਿਧੀ' ਰਾਹੀਂ ਸ਼ੁੱਧ ਭਾਸ਼ਾ ਸਿਖਾਉਣੀ ਚਾਹੀਦੀ ਹੈ –

(1) ਪ੍ਰਾਇਮਰੀ (2) ਮਾਧਮਿਕ
(3) ਉੱਚ ਸ਼੍ਰੇਣੀ (4) ਸਾਰੇ

61. 'ਥੋੜ੍ਹਾ ਜਿਹਾ' ਕਿਹੜਾ ਵਿਸ਼ੇਸ਼ਣ ਹੈ –

(1) ਨਿਰੋਲ ਵਿਸ਼ੇਸ਼ਣ (2) ਸਧਾਰਨ ਵਿਸ਼ੇਸ਼ਣ
(3) ਅਧੀਨ ਵਿਸ਼ੇਸ਼ਣ (4) ਸੰਜੁਕਤ ਵਿਸ਼ੇਸ਼ਣ

62. ਤਿੰਨ ਏਕਤਾਵਾਂ ਦੇ ਖੰਡਿਤ ਪ੍ਰਵਾਹ ਨੂੰ ਪੂਰਾ ਕਰਨ ਲਈ ਕਿਹੜਾ ਵਸੀਲਾ ਸਹਿਯੋਗੀ ਦੀ ਭੂਮਿਕਾ ਨਿਭਾਉਂਦਾ ਹੈ –

(1) ਆਵਾਜ਼ (2) ਸੰਗੀਤ
(3) ਰੌਸ਼ਨੀ (4) ਤਿੰਨੋ

63. ਇਕ ਰਾਤ ਨ੍ਹੇਰੀ ਦੂਜੇ ਵਾ ਵੱਗੇ,
ਪੁੱਟ ਸੁੱਟਦੀ ਰੁੱਖ ਉਠਾ ਬੇਲੀ।
ਬਿਜਲੀ ਬੱਦਲਾਂ ਥੀ ਕੜਕ ਮਾਰ ਪੌਂਦੀ,
ਦੇਂਦੀ ਤਬਕ ਜ਼ਮੀਨ ਹਲਾ ਬੇਲੀ।
ਉਪਰੋਕਤ ਸਤਰਾਂ ਵਿੱਚ ਪੇਸ਼ ਰਸ ਪਿੱਛੇ ਕਿਹੜਾ ਸਥਾਈ ਭਾਵ ਕਾਰਜਸ਼ੀਲ ਹੈ –

(1) ਭਿਆਨਕ (2) ਅਸਚਰਜ਼
(3) ਸ਼ੋਕ (4) ਡਰ

64. 'ਸੋਹਰ' ਦਾ ਸੰਬੰਧ ਕਿਸ ਸਮੇਂ ਦੀਆਂ ਰੀਤਾਂ ਨਾਲ ਹੈ –

(1) ਵਿਆਹ (2) ਜਨਮ
(3) ਮੌਤ (4) ਸਾਰੇ

65. ਹਾਸ਼ਮ ਰਚਿਤ ਕਿੱਸਾ ਸੱਸੀ ਪੁੰਨੂ ਦਾ ਪੁਰਾਣਾ ਖਰੜਾ ਕਦੋਂ ਦਾ ਮਿਲਦਾ ਹੈ –

(1) 1837 (2) 1839
(3) 1841 (4) 1843

66. ਭਾਈ ਵੀਰ ਸਿੰਘ ਦੀ ਕਿਹੜੀ ਕਵਿਤਾ ਵਿੱਚ 'ਮਾਨਵੀਕਰਨ' ਨਹੀਂ ਹੋਇਆ ?

(1) ਕਿੱਕਰ (2) ਕੇਲੋਂ ਦੇ ਗੱਲ ਲੱਗੀ ਵੇਲ
(3) ਇਲਮ, ਅਮਲ (4) ਚਸ਼ਮਾ ਇੱਛਾਬਲ ਤੇ ਡੂੰਘੀਆਂ ਸ਼ਾਮਾਂ

67. ਵਿਆਕਰਨ ਸਿੱਖਿਆ ਨੂੰ ਰੋਚਕ ਬਣਾਉਣ ਲਈ ਕਿਹੜਾ ਬਿੰਦੂ ਦਰੁਸਤ ਨਹੀਂ –

(1) ਵਿਆਕਰਨ ਸਿੱਖਿਆ ਬੱਚਿਆਂ ਦੀ ਮਾਨਸਿਕ ਅਵਸਥਾ ਦੇ ਅਨੁਕੂਲ ਹੋਵੇ।
(2) ਵਿਆਕਰਨ ਦੇ ਨੇਮ ਰਟਾਏ ਨਾ ਜਾਣ ਸਗੋਂ ਸਮਝਾਏ ਜਾਣ।
(3) ਵਿਆਕਰਨ ਸਿੱਖਿਆ ਦਾ ਆਰੰਭ ਨਿਗਮਨ ਵਿਧੀ ਨਾਲ ਅਤੇ ਅੰਤ ਆਗਮਨ ਵਿਧੀ ਨਾਲ ਕੀਤਾ ਜਾਏ।
(4) ਵਿਆਕਰਨ ਸਿੱਖਿਆ ਦਾ ਆਰੰਭ ਵਿਹਾਰਕ ਵਿਆਕਰਨ ਤੋਂ ਕੀਤਾ ਜਾਏ ।

68. 'ਖਾਂਘੜ' ਸ਼ਬਦ ਦੀ ਵਿਆਕਰਨਿਕ ਸ਼੍ਰੇਣੀ ਹੈ –

(1) ਪੁਲਿੰਗ (2) ਇਸਤਰੀ ਲਿੰਗ
(3) ਵਿਸ਼ੇਸ਼ਣ ਇਸਤਰੀ ਲਿੰਗ (4) ਪੜਨਾਂਵ

69. ਪ੍ਰਾਤਿਪਦਿਕਾਂ ਤੋਂ ਬਣੇ ਪਦ ਬੋਧ ਕਰਵਾਉਂਦੇ ਹਨ –

(1) ਲਿੰਗ ਤੇ ਵਚਨ (2) ਨਾਂਵ ਤੇ ਪੜਨਾਂਵ
(3) ਵਿਸ਼ੇਸ਼ਣ ਤੇ ਕਿਰਿਆ (4) ਸੰਬੰਧਕ

adda247

70. ਅਸੰਗਤ ਚੁਣੋ –

| | A. ਸ਼ਬਦ | | B. ਅਰਥ |
|---|---|---|---|
| (1) | ਵਲਦਿਮਾਜਿਦ – ਜੱਦੀਬਾਪ | (2) | ਮੁਖ਼ਾਲਿਫ਼ – ਵਿਰੋਧੀ |
| (3) | ਤਜਾਵਜ਼ – ਸੰਕੋਚ | (4) | ਇਸ਼ਾਇਤ – ਇਸ਼ਾਰਾ |

71. ਆਗਮਨ ਵਿਧੀ ਨਾਲ ਪੜ੍ਹਾਏ ਗਏ ਹਰ ਪਾਠ ਦਾ ਅੰਤਲਾ ਭਾਗ ਕਿਹੜੀ ਵਿਧੀ ਨਾਲ ਪੜ੍ਹਾਇਆ ਜਾਂਦਾ ਹੈ –

(1) ਪ੍ਰਯੋਗ ਵਿਧੀ (2) ਨਿਗਮਨ ਵਿਧੀ
(3) ਸਹਿ-ਸੰਬੰਧ ਵਿਧੀ (4) ਕੋਈ ਨਹੀਂ

72. ਭਾਈ ਵੀਰ ਸਿੰਘ ਜੀ ਦੀਆਂ ਕਵਿਤਾਵਾਂ ਅਤੇ ਸੂਫ਼ੀ ਫ਼ਕੀਰਾਂ ਦੀਆਂ ਰਚਨਾਵਾਂ ਪੜ੍ਹਾਉਣ ਲਈ ਕਿਹੜੀ ਪ੍ਰਣਾਲੀ ਦੀ ਵਰਤੋਂ ਹੁੰਦੀ ਹੈ –

(1) ਸ਼ਬਦਾਰਥ ਪ੍ਰਣਾਲੀ (2) ਵਿਆਖਿਆ ਪ੍ਰਣਾਲੀ
(3) ਕਥਾ ਜਾਂ ਵਿਕਾਸ ਪ੍ਰਣਾਲੀ (4) ਤੁਲਨਾ ਪ੍ਰਣਾਲੀ

73. ਮੀਆਂ ਵਜੀਦ ਦੁਆਰਾ ਆਪਣੀ ਰਚਨਾ ਵਿੱਚ 'ਅੜਿਲ ਛੰਦ' ਵਰਤਿਆ ਗਿਆ ਹੈ। ਸੰਤ ਕਵੀਆਂ ਦੀ ਰਚਨਾ ਵਿੱਚ ਪ੍ਰਯੁਕਤ ਇਸ ਛੰਦ ਨੂੰ ਕੀ ਨਾਂ ਦਿੱਤਾ ਜਾਂਦਾ ਹੈ –

(1) ਪਦਾ (2) ਫੁਨਹਾ
(3) ਕਰਹਲਾ (4) ਮਾਝ

74. ਪ੍ਰੋ. ਸੰਤ ਸਿੰਘ ਸੇਖੋ ਨੇ ਕਿੰਨ੍ਹਾਂ ਦੀ ਪ੍ਰੇਰਨਾ ਸਦਕਾ ਪੰਜਾਬੀ ਵਿੱਚ ਲਿਖਣਾ ਆਰੰਭ ਕੀਤਾ –

(1) ਭਾਈ ਵੀਰ ਸਿੰਘ (2) ਦੇਵਿੰਦਰ ਸਤਿਆਰਥੀ
(3) ਰਾਬਿੰਦਰ ਨਾਥ ਟੈਗੋਰ (4) ਤੇਜਾ ਸਿੰਘ

75. ਸੰਸਕ੍ਰਿਤ-ਪ੍ਰਾਕ੍ਰਿਤ ਵਿੱਚ ਮੌਜੂਦ 'ਮਹਾਂਪ੍ਰਾਣਤਾ' ਦਾ ਪੰਜਾਬੀ ਵਿੱਚ ਬਦਲਿਆ ਰੂਪ ਹੈ –

(1) ਤਾਨ (2) ਬਲ
(3) ਸੰਗਮ (4) ਸੁਰ

76. ਕਾਵਿਕ, ਵਾਚਿਕ, ਆਹਾਰਯ ਅਤੇ ਸਾਤਵਿਕ ਭਾਵ-ਸਥਿਤੀਆਂ ਦਾ ਸੰਬੰਧ ਕਿਸ ਨਾਲ ਹੈ –

(1) ਵਿਭਾਵ (2) ਅਨੁਭਾਵ
(3) ਸੰਚਾਰੀ ਭਾਵ (4) ਸਹਿਕਾਰੀ ਭਾਵ

77. 'ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥ ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥'
ਉਪਰੋਕਤ ਸਤਰਾਂ ਕਿਸ ਇਕਾਂਗੀ ਦੇ ਅੰਤ ਵਿੱਚ ਦਰਜ ਹਨ –

(1) ਨਿਸ਼ਾਤ ਬਾਗ ਵਿੱਚ (2) ਅੰਨ੍ਹੇ ਕਾਣੇ
(3) ਅੰਨ੍ਹੇ ਨਿਸ਼ਾਨਚੀ (4) ਬੇਈਮਾਨ

78. 'ਖ਼ਨਗਾਹੀ ਦੀਵਾ ਬਾਲਦੀਏ' ਕਵਿਤਾ ਕਿਹੜੇ ਕਾਵਿ-ਸੰਗ੍ਰਹਿ ਵਿੱਚ ਦਰਜ਼ ਹੈ –

(1) ਕਸੁੰਭੜਾ (2) ਕੱਚ ਸੱਚ
(3) ਅਧਵਾਟੇ (4) ਜੈਮੀਰ

79. ਜਿਨ੍ਹਾਂ ਦਾ ਰੂਪ ਵਾਕ ਵਿੱਚ ਵਿਆਕਰਨਿਕ ਸ਼੍ਰੇਣੀ 'ਵਚਨ' ਜਾਂ 'ਕਾਰਕ' ਕਾਰਨ ਨਹੀਂ ਵੱਟਦਾ, ਅਜਿਹੇ ਨਾਂਵਾਂ ਨੂੰ ਕਿਸ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ –

(1) ਰੂਪਾਂਤਰ ਸਹਿਤ (2) ਰੂਪਾਂਤਰ ਰਹਿਤ
(3) ਇਕਹਿਰੀ (4) ਸਾਰੇ

80. 'ਪਾਂਧੀ ਰਾਹੇ-ਰਾਹ ਤੁਰਿਆ ਗਿਆ' ਵਾਕ ਵਿੱਚ 'ਰਾਹੇ-ਰਾਹ' ਸ਼ਬਦ ਕਿਹੜੇ ਕਾਰਕ ਅਧੀਨ ਹਨ –

(1) ਕਰਤਾ (2) ਕਰਮ
(3) ਅਧਿਕਰਨ (4) ਸੰਪ੍ਰਦਾਨ

adda247

81. ਬਾਬਾ ਵਜੀਦ ਦੀ ਕਿਹੜੇ-ਕਿਹੜੇ ਰਾਗਾਂ ਵਿੱਚ ਕਾਫ਼ੀ ਮਿਲਦੀ ਹੈ –

(1) ਸੂਹੀ ਤੇ ਬਿਲਾਵਲ (2) ਤਿਲੰਗ ਤੇ ਬਿਲਾਵਲ

(3) ਆਸਾ ਤੇ ਬਿਲਾਵਲ (4) ਮਾਝ ਤੇ ਬਿਲਾਵਲ

82. ਛੱਡ ਦੇ, ਚੂੜੇ ਵਾਲੀਏ ਕੁੜੀਏ !
ਛੱਡ ਦੇ, ਸੋਨੇ-ਲਦੀਏ ਪਰੀਏ !
ਛੱਡ ਦੇ, ਛੱਡ ਦੇ ਮੇਰੀ ਬਾਂਹ,
ਮੈਂ ਨਹੀਂ ਰਹਿਣਾ ਤੇਰੇ ਗਿਰਾਂ ।

ਉਪਰੋਕਤ ਕਾਵਿ ਸਤਰਾਂ ਕਿਹੜੀ ਸਥਿਤੀ ਦਾ ਚਿਤਰਨ ਕਰਦੀਆਂ ਹਨ –

(1) ਕਥਾਤਮਕ (2) ਵਰਣਨਾਤਮਕ

(3) ਨਾਟਕੀ (4) ਸ਼ਿਕਵਾਨੁਮਾ

83. ਚੜ੍ਹ ਚੰਨਾਂ ਤੂੰ ਕਰ ਰੁਸ਼ਨਾਈ ਤੇ
ਜ਼ਿਕਰ ਕਰੇਂਦੇ ਤਾਰੇ ਹੂ।
ਗਲੀਆਂ ਦੇ ਵਿੱਚ ਫਿਰਨ ਨਿਮਾਣੇ
ਲਾਲਾਂ ਦੇ ਵਣਜਾਰੇ ਹੂ।

ਉਪਰੋਕਤ ਸਤਰਾਂ ਵਿੱਚ ਕਿਹੜੇ ਰਸ ਦੀ ਉਸਾਰੀ ਹੈ –

(1) ਸ਼ਾਂਤ (2) ਸ਼ਿੰਗਾਰ

(3) ਅਦਭੁਤ (4) ਕਰੁਣਾ

84. 'ਰੱਬਾ ਮੇਰੇ ਅਉਗੁਣੁ ਚਿਤਿ ਨਾ ਧਰੀ' ਕਾਫੀ ਕਿਸ ਰਾਗ ਵਿੱਚ ਰਚੀ ਗਈ ਹੈ –

(1) ਤਿਲੰਗ (2) ਧਨਾਸਰੀ

(3) ਆਸਾ (4) ਸੂਹੀ

85. ਕਵੀ ਦੀ ਕਵਿਤਾ ਪਿੱਛੇ ਪ੍ਰੇਰਨਾ ਦੇਣ ਵਾਲੀ ਕਿਹੜੀ ਮਾਨਸਿਕ ਸ਼ਕਤੀ ਹੈ, ਜੋ ਕਵੀ, ਕਵਿਤਾ ਤੇ ਪਾਠਕ-ਸ਼੍ਰੋਤੇ ਤਿੰਨਾਂ ਨੂੰ ਇਕੋ ਵੇਲੇ ਇਕਸੁਰ ਕਰ ਦਿੰਦੀ ਹੈ –

(1) ਵਿਚਾਰ (2) ਕਲਪਨਾ

(3) ਪ੍ਰਤੀਕ (4) ਚਿੰਨ੍ਹ

86. ਗੁਰਮੁਖੀ ਲਿਪੀ ਵਿੱਚ 'ਸੁਰ' ਨੂੰ ਅੰਕਿਤ ਕਰਨ ਲਈ ਕਿਹੜਾ ਚਿੰਨ੍ਹ ਵਰਤਿਆ ਜਾਂਦਾ ਹੈ –

(1) ਬਿੰਦੀ (2) ਟਿੱਪੀ

(3) ਦੋਵੇਂ (4) ਕੋਈ ਨਹੀਂ

87. ਹੇਠ ਲਿਖੇ ਵਿੱਚੋਂ ਕਿਹੜੀ ਕਵਿਤਾ ਡਾ. ਹਰਿਭਜਨ ਸਿੰਘ ਦੁਆਰਾ ਰਚਿਤ 'ਲਾਸ਼ਾਂ' ਕਾਵਿ-ਸੰਗ੍ਰਹਿ ਵਿੱਚ ਦਰਜ ਹੈ –

(1) ਤੂੰ ਬੜੀ ਮਾਸੂਮ ਏਂ (2) ਸੇਜ ਸੁਖਾਲੀ

(3) ਅਪ੍ਰਮਾਣਿਕ (4) ਸੜਕ ਦੇ ਸਫ਼ੇ ਉੱਤੇ

88. ਪੂਰਬੀ ਪੰਜਾਬੀ (ਮਾਝੀ, ਮਲਵਈ ਆਦਿ) ਦੇ ਬੋਲਚਾਲ ਵਿੱਚ 'ਇਸ' ਤੇ 'ਉਸ' ਕਿਸ ਸ਼੍ਰੇਣੀ ਵਜੋਂ ਵਰਤੇ ਜਾਂਦੇ ਹਨ –

(1) ਨਾਂਵ ਵਜੋਂ (2) ਪੜਨਾਂਵ ਵਜੋਂ

(3) ਵਿਸ਼ੇਸ਼ਣ ਵਜੋਂ (4) ਪੜਨਾਂਵੀਂ ਵਿਸ਼ੇਸ਼ਣ ਵਜੋਂ

89. 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਕਿਹੜੇ-ਕਿਹੜੇ ਲੋਕਸਾਜ਼ਾਂ ਬਾਰੇ ਜ਼ਿਕਰ ਮਿਲਦਾ ਹੈ –

(1) ਤੂੰਬਾ, ਬੰਸਰੀ, ਢੋਲ, ਡਫਲੀ (2) ਕਾਟੋ, ਤੂੰਬਾ, ਬੰਸਰੀ, ਢੋਲ

(3) ਵੰਝਲੀ, ਅਲਗੋਜ਼ਾ, ਛੈਣੇ, ਢੋਲ (4) ਵੰਝਲੀ, ਲਗੋਜ਼ਾ, ਕਾਟੋ, ਤੂੰਬਾ

90. 'ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥' ਉਪਰੋਕਤ ਤੁਕ ਵਿੱਚ 'ਪਹਿਲੜੀ' ਸ਼ਬਦ ਹੈ –

(1) ਨਾਂਵ (2) ਕਿਰਿਆ

(3) ਵਿਸ਼ੇਸ਼ਣ (4) ਪੜਨਾਂਵ

91. 'ਵਾਰ ਦੁਰਗਾ ਕੀ' ਵਿੱਚ ਸੰਘਰਸ਼ ਪੱਖ ਦਾ ਆਰੰਭ ਕਿਹੜੇ ਛੰਦ ਰਾਹੀਂ ਹੁੰਦਾ ਹੈ –

(1) ਦੋਹਰਾ (2) ਕੋਰੜਾ

(3) ਨਿਸ਼ਾਨੀ (4) ਸਿਰਖੰਡੀ

adda247

92. 'ਆਪਸ' ਸ਼ਬਦ 'ਆਪ' ਦਾ ਕਿਹੜਾ ਰੂਪ ਹੈ –

(1) ਸਾਧਾਰਨ (2) ਸੰਬੰਧਕੀ

(3) ਨਿਸ਼ਚੇਵਾਦੀ (4) ਕਿਰਦੰਤੀ

93. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਥਿਤੀ' ਸਿਰਲੇਖ ਹੇਠ ਬਾਣੀ ਪ੍ਰਾਪਤ ਹੈ –

(1) ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ, ਭਗਤ ਕਬੀਰ

(2) ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਭਗਤ ਨਾਮਦੇਵ

(3) ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਭਗਤ ਰਵੀਦਾਸ

(4) ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ

94. ਫਰੀਦ – ਬਾਣੀ ਵਿੱਚ 'ਨਾਮ' (ਨਾਉ) ਸ਼ਬਦ ਦੀ ਵਰਤੋਂ ਕਿੰਨੇ ਥਾਂਵਾਂ 'ਤੇ ਹੋਈ ਹੈ –

(1) ਦੋ (2) ਚਾਰ

(3) ਅੱਠ (4) ਦਸ

95. ਪ੍ਰਿੰ. ਸੰਤ ਸਿੰਘ ਸੇਖੋਂ ਹਾਸ਼ਮ ਰਚਿਤ ਕਿਹੜੇ ਕਿੱਸੇ ਨੂੰ 'ਸਭ ਤੋਂ ਮੁਕੰਮਲ ਤੇ ਸੁਲਝੀ ਹੋਈ ਰਚਨਾ' ਕਹਿੰਦੇ ਹਨ –

(1) ਸੱਸੀ-ਪੁੰਨੂ (2) ਸੋਹਣੀ ਮਹੀਂਵਾਲ

(3) ਸ਼ੀਰੀ ਫਰਹਾਦ (4) ਹੀਰ ਰਾਂਝੇ ਦੀ ਬਿਰਤੀ

96. ਮਿਲਾਨ ਕਰੋ –

| (A) ਸ਼ਬਦ | | (B) ਅਰਥ |
|---|---|---|
| 1. ਵਿਹਾਲ | I | ਸਮਰੱਥਾ |
| 2. ਤਫ਼ੀਕ | II | ਬਦਨਾਮੀ |
| 3. ਸ਼ਵੱਲੀ | III | ਚੰਗੀ |
| 4. ਖ਼ੁਨਾਮੀ | IV | ਲੈਣਾ |

(1) I, II, III, IV (2) IV, III, II, I

(3) II, I, IV, III (4) IV, I, III, II

97. ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ 'ਪੱਟੀ' ਬਾਣੀ ਵਿੱਚ ਆਏ ਕਿੰਨੇ ਅੱਖਰ ਵਰਤਮਾਨ ਗੁਰਮੁਖੀ ਲਿਪੀ ਅਨੁਰੂਪ ਹਨ –

(1) 35 (2) 32

(3) 28 (4) 25

98. ਕਿਹੜੀ ਵਿਆਕਰਨ ਵਿਧੀ ਵਿੱਚ ਅਧਿਆਪਕ ਨੂੰ ਬਹੁੱਤ ਘੱਟ ਮਿਹਨਤ ਕਰਨੀ ਪੈਂਦੀ ਹੈ ਤੇ ਇਹ ਸੌਖੀ ਤਰ੍ਹਾਂ ਵਰਤੋਂ ਵਿੱਚ ਲਿਆਂਦੀ ਜਾ ਸਕਦੀ ਹੈ–

(1) ਸੂਤਰ ਪ੍ਰਣਾਲੀ (2) ਪਾਠ-ਪੁਸਤਕ ਪ੍ਰਣਾਲੀ

(3) ਪ੍ਰਯੋਗ ਵਿਧੀ (4) ਸਹਿਯੋਗ ਵਿਧੀ/ਸਹਿ-ਸੰਬੰਧ ਵਿਧੀ

99. ਹੇਠ ਲਿਖੇ ਵਿਚੋਂ ਸਹੀ ਦੀ ਚੋਣ ਕਰੋ –

A. ਸ਼ਬਦ B. ਅਰਥ

(1) ਲੁਹਰਾ – ਬੇਨਿਆਈਂ (2) ਕਸਾਰ – ਰੂੰ ਪਿੰਜਣ ਵਾਲਾ

(3) ਧੁਣਖੀ – ਸੰਪੂਰਨ (4) ਸਾਰਖੇ – ਪੰਜੀਰੀ

100. ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ ਸੱਦੋਂ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾਂਹ ਆਖੋ ਕੋਈ ਉਪਰੋਕਤ ਸਤਰਾਂ ਵਿੱਚ ਕਿਹੜੀ ਸੂਫ਼ੀ ਅਵਸਥਾ ਦਾ ਚਿਤਰਨ ਹੈ –

(1) ਵਜਦ (2) ਤਸਵੁੱਫ਼

(3) ਤਸੱਵਰ (4) ਤਲਬ

101. 'ਮਰਸੀ-ਕਿਲਿੰਗ' ਦਾ ਜ਼ਿਕਰ ਕਿਸ ਕਹਾਣੀ ਵਿੱਚ ਆਇਆ ਹੈ –

(1) ਖ਼ੂਨ (2) ਬੰਗਲਾ

(3) ਚੌਥੀ ਕੂਟ (4) ਪੰਜ ਡਾਲਰ ਦਾ ਨੋਟ

adda247

102. ਹੇਠ ਲਿਖੇ ਵਿਚੋਂ ਕਿਹੜਾ ਭਾਗ ਮਾਨਟੇਸੋਰੀ ਵਿਧੀ ਨਾਲ ਸੰਬੰਧਿਤ ਨਹੀਂ ਹੈ –

(1) ਪ੍ਰੇਰਕ ਸਿੱਖਿਆ (2) ਸੰਵੇਦੀ ਸਿੱਖਿਆ

(3) ਵਿਹਾਰਕ ਸਿੱਖਿਆ (4) ਭਾਸ਼ਾ ਦੀ ਸਿੱਖਿਆ

103. ਭਾਈ ਮਰਦਾਨਾ ਜੀ ਦੇ ਪੁੱਤਰ ਦਾ ਨਾਂ ਸੀ –

(1) ਸ਼ਹਿਜਾਦ (2) ਫਰਿਹਾਦ

(3) ਮੁਰਾਦ (4) ਸ਼ਾਹਜਾਦ

104. ਦੋਦਲੀ ਕਸੂਤੀ ਫੁੱਲ ਪਾਉਣ ਭੈਣਾਂ ਮੇਰੀਆਂ ।
ਫੁੱਲੀਆਂ ਨੇ ਕਿੱਕਰਾਂ 'ਤੇ ਫੁੱਲੀਆਂ ਨੇ ਬੇਰੀਆਂ ।
ਕੰਧਾਂ ਨਾਲੋ ਉੱਚੀਆਂ ਧਰੇਕਾਂ ਹੋਈਆਂ ਤੇਰੀਆਂ ।
ਤੋਰ ਡੋਲੀ ਤੋਰ ਹੁਣ ਕਾਹਦੀਆਂ ਨੇ ਦੇਰੀਆਂ ।
ਉਪਰੋਕਤ ਤੁਕਾਂ ਕਿਸ ਕਵਿਤਾ ਦੀਆਂ ਹਨ –

(1) ਪ੍ਰਾਹੁਣੀ (2) ਪਰੀਏ ਨੀ ਪਰੀਏ

(3) ਕਿੱਕਰ (4) ਸੁੰਨੇ ਸੁੰਨੇ ਰਾਹਾਂ ਵਿੱਚ

105. ਬਾਰੂ ਤਾਂਘੇ ਵਾਲੇ ਦੀਆਂ ਸਵਾਰੀਆਂ ਨੂੰ ਚੜ੍ਹਾ ਕੇ ਲੈ ਜਾਣ ਵਾਲੀ ਬੱਸ ਕਿਹੜੇ ਸ਼ਹਿਰ ਜਾ ਰਹੀ ਸੀ –

(1) ਲੁਧਿਆਣੇ (2) ਖੰਨੇ

(3) ਅੰਬਾਲੇ (4) ਪਟਿਆਲੇ

106. ਵਿਅੰਜਨਾਂ ਵਿੱਚੋਂ 'ੜ' ਅੱਖਰ ਦੀ ਵਰਤੋਂ ਅੱਜ ਨਾਲੋਂ ਵਧੇਰੇ ਕਿਸ ਨੇ ਕੀਤੀ ਹੈ –

(1) ਬਾਬਾ ਫ਼ਰੀਦ ਜੀ (2) ਸ਼੍ਰੀ ਗੁਰੂ ਨਾਨਕ ਦੇਵ ਜੀ

(3) ਸ਼੍ਰੀ ਗੁਰੂ ਅੰਗਦ ਦੇਵ ਜੀ (4) ਭਗਤ ਕਬੀਰ ਜੀ

107. ਇਨਸਾਨ ਦੀ ਇਕ ਲਾਸ਼ ਹੁੰਦੀ ਹੈ
ਪਰ ਖ਼ੁਦਾ ਦੀ ਨਾਸ਼ ਨਹੀਂ ਹੁੰਦੀ
ਤੇ ਜਦੋਂ ਵੀ ਇਨਸਾਨ ਵਿਚਲੇ
ਰੱਬ ਦਾ ਟੁਕੜਾ ਮਰੇ ਉਸਦੀ ਕਦੇ ਬਦਬੂ ਨਹੀਂ ਆਉਂਦੀ ।
ਉਪਰੋਕਤ ਸਤਰਾਂ ਦੇ ਕਵੀ ਦਾ ਨਾਂ ਦੱਸੋ –

(1) ਮੋਹਨ ਸਿੰਘ (2) ਅੰਮ੍ਰਿਤਾ ਪ੍ਰੀਤਮ

(3) ਹਰਿਭਜਨ ਸਿੰਘ (4) ਸ. ਸ. ਮੀਸ਼ਾ

108. 'ਚੰਡੀ ਕੀ ਵਾਰ' ਵਿੱਚ ਦੇਵੀ ਦੁਰਗਾ ਨਾਲ ਦੈਂਤਾਂ ਦੇ ਲੜਨ ਦਾ ਸਹੀ ਕ੍ਰਮ ਕਿਹੜਾ ਹੈ –

(1) ਮਹਿਖਾਸੁਰ, ਧੂਮਰਲੋਚਨ, ਰਕਤਬੀਜ਼, ਨਿਸ਼ੁੰਭ, ਚੰਡ-ਮੁੰਡ

(2) ਮਹਿਖਾਸੁਰ, ਧੂਮਰਲੋਚਨ, ਚੰਡ-ਮੁੰਡ, ਰਕਤਬੀਜ਼, ਨਿਸ਼ੁੰਭ

(3) ਮਹਿਖਾਸੁਰ, ਰਕਤਬੀਜ਼, ਧੂਰਮਲੋਚਨ, ਨਿਸ਼ੁੰਭ, ਚੰਡ-ਮੁੰਡ

(4) ਮਹਿਖਾਸੁਰ, ਚੰਡ-ਮੁੰਡ, ਰਕਤਬੀਜ਼, ਧੂਮਰਲੋਚਨ, ਨਿਸ਼ੁੰਭ

109. ਹੱਕ ਸਮੇਂ ਦਾ ਸ਼ਾਹ ਅਸਵਾਰ ਹੋਵੇ
ਵਾਗ ਸਮੇਂ ਦੀ ਇੰਝ ਸੰਭਾਲਦਾ ਵੇ !
ਪੈਰ ਜਗ ਦੇ ਮੰਜ਼ਲਾਂ ਨੂੰ ਢੂੰਡ ਸੱਕਣ,
ਦੋਹਾਂ ਦੀਵਿਆਂ ਨੂੰ ਈਕਣ ਬਾਲਣਾ ਵੇ !
ਉਪਰੋਕਤ ਕਾਵਿ-ਸਤਰਾਂ ਕਿਸ ਕਵਿਤਾ ਦੀਆਂ ਹਨ –

(1) ਤਾਜਮਹਲ (2) ਸੁਨੇਹੁੜੇ

(3) ਪਾਂਧੀ ਦੂਰ ਦਿਆ (4) ਹੁਣ ਘਰਾਂ ਨੂੰ ਪਰਤਣਾ

110. ਕਥਾਨਕ ਦੇ ਵਿਸਥਾਰ ਅਤੇ ਪਾਤਰ ਚਿਤਰਨ ਦਾ ਪ੍ਰਮੁੱਖ ਆਧਾਰ ਹੁੰਦਾ ਹੈ –

(1) ਸੰਵਾਦ (2) ਪਾਤਰ-ਉਸਾਰੀ

(3) ਵਿਸ਼ਾਵਸਤੂ (4) ਕਥਾਵਸਤੂ



adda247

111. ਸ਼ਿਵ ਕੁਮਾਰ ਦੀ ਕਵਿਤਾ 'ਰੁੱਖ' ਕਿਸ ਕਾਵਿ-ਸੰਗ੍ਰਹਿ ਵਿਚੋਂ ਲਈ ਗਈ ਹੈ –

(1) ਮੈਨੂੰ ਵਿਦਾ ਕਰੋ (2) ਆਰਤੀ

(3) ਅਲਵਿਦਾ (4) ਪੀੜਾ ਦਾ ਪਰਾਗਾ

112. ਸੁਰਜੀਤ ਪਾਤਰ ਦੀ ਕਵਿਤਾ 'ਖਤਾਂ ਦੀ ਉਡੀਕ' ਉਸਦੇ ਕਿਹੜੇ ਕਾਵਿ-ਸੰਗ੍ਰਹਿ ਵਿੱਚ ਦਰਜ਼ ਹੈ –

(1) ਹਵਾ ਵਿੱਚ ਲਿਖੇ ਹਰਫ਼ (2) ਹਨ੍ਹੇਰੇ ਵਿੱਚ ਸੁਲਗਦੀ ਵਰਣਮਾਲਾ

(3) ਬਿਰਖ਼ ਅਰਜ਼ ਕਰੇ (4) ਸਮਦਰਸ਼ੀ (ਅਕਤੂਬਰ-ਦਸੰਬਰ 1986)

113. ਕਿਹੜੀ ਵਿਧੀ ਰਾਹੀਂ ਕਹਾਣੀ ਦੇ ਗੁਣ-ਦੋਸ਼ਾਂ ਨੂੰ ਪਰਖਿਆ ਜਾਂਦਾ ਹੈ –

(1) ਅਰਥ-ਬੋਧ ਵਿਧੀ (2) ਵਿਆਖਿਆ ਵਿਧੀ

(3) ਪ੍ਰਸ਼ਨ – ਉੱਤਰ ਵਿਧੀ (4) ਸਮੀਖਿਆ ਵਿਧੀ

114. ਸ਼੍ਰੀ ਗੁਰੁ ਅਰਜਨ ਦੇਵ ਜੀ ਰਚਿਤ 'ਬਾਵਨ ਅੱਖਰੀ' ਦੀ ਬਣਤਰ ਹੈ –

(1) 55 ਪਉੜੀਆਂ, 56 ਸ਼ਲੋਕ (2) 55 ਪਉੜੀਆਂ, 55 ਸ਼ਲੋਕ

(3) 52 ਪਉੜੀਆਂ, 58 ਸ਼ਲੋਕ (4) 52 ਪਉੜੀਆਂ, 55 ਸ਼ਲੋਕ

115. 'ਵਾਰ ਨਾਦਰਸ਼ਾਹ' ਅਨੁਸਾਰ ਕਿਹੜੇ ਧੜੇ ਨੇ ਨਾਦਰਸ਼ਾਹ ਨੂੰ ਭਾਰਤ ਉੱਪਰ ਹਮਲਾ ਕਰਨ ਲਈ ਬੁਲਾਵਾ ਭੇਜਿਆ ਸੀ –

(1) ਈਰਾਨੀ (2) ਤੂਰਾਨੀ

(3) ਅਫ਼ਗਾਨੀ (4) ਦੁੱਰਾਨੀ

116. "ਇਸ਼ਕ ਵਿੱਚ ਮੁਸੀਬਤਾਂ ਬਹੁਤ ਮੁਸ਼ਕਲ, ਬੰਦਾ ਕੌਣ ਝੱਲੇ ਉਸਦੀ ਝਾਲ ਮੀਆਂ।"
ਉਪਰੋਕਤ ਅਟਲ ਸੱਚਾਈ ਕਿਸ ਕਿੱਸਾਕਾਰ ਦੇ ਕਿੱਸੇ ਨਾਲ ਸੰਬੰਧਿਤ ਹੈ –

(1) ਦਾਮੋਦਰ (2) ਵਾਰਿਸ ਸ਼ਾਹ

(3) ਹਾਸ਼ਮ ਸ਼ਾਹ (4) ਫ਼ਜ਼ਲ ਸ਼ਾਹ

117. ਜਪੁ ਜੀ ਵਿੱਚ 'ਮੁਹੌ' ਅਤੇ 'ਜੀਭੌ' ਸ਼ਬਦਾਂ ਨੂੰ ਕਨੌੜਾ ਕਿਸ ਕਾਰਕ ਅਧੀਨ ਆਇਆ ਹੈ –

(1) ਅਪਾਦਾਨ ਕਾਰਕ (2) ਅਧਿਕਰਨ ਕਾਰਕ

(3) ਕਰਮ ਕਾਰਕ (4) ਕਰਤਾ ਕਾਰਕ

118. ਤੇਰਾ ਥਾਉਂ ਕਿਸੇ ਨਦੀ ਦੇ ਕਿਨਾਰੇ, ਤੇਰਾ ਥਾਉਂ ਕਿਸੇ ਜੰਗਲ ਬੇਲੇ ।
ਤੇਰੇ ! ਭਾਗਾਂ ਵਿੱਚ ਅਰਸ਼ਾਂ ਤੇ ਉੱਡਣਾ, ਤੇ ਗਾਂਦਿਆਂ ਫਿਰਨ ਅਕੇਲੇ ।
ਉਪਰੋਕਤ ਕਾਵਿ-ਸਤਰਾਂ ਕਿਸ ਸਥਿਤੀ ਦੀ ਉਸਾਰੀ ਕਰਦੀਆਂ ਹਨ –

(1) ਆਤਮ-ਪਾਸਾਰ (2) ਆਤਮ-ਗਿਆਨ

(3) ਪਰਿਵਰਤਨ (4) ਸੰਜੋਗ

119. 'ਰਹੱਸਵਾਦ' ਵਿਚਲਾ ਸ਼ਬਦ 'ਰਹੱਸ' ਹੈ –

(1) ਵਿਸ਼ੇਸ਼ਣ (2) ਕਿਰਿਆ

(3) ਨਾਂਵ (4) ਪੜਨਾਂਵੀਂ ਵਿਸ਼ੇਸ਼ਣ

adda247

120. 'ਖ਼ੂਨ' ਕਹਾਣੀ ਦੇ ਪਾਤਰ ਜੱਗਰ ਦੇ ਸਹੁਰੇ ਦਾ ਕੀ ਨਾਂ ਸੀ –

(1) ਕਰਤਾਰ ਸਿੰਘ (2) ਬਿਸ਼ਨ ਸਿੰਘ

(3) ਕਪੂਰ ਸਿੰਘ (4) ਸੁੱਚਾ ਸਿੰਘ

121. ਕਿਹੜੀ ਵਿਧੀ ਨਾਵਲੀ-ਸ਼ੈਲੀ ਅੰਤਰਗਤ ਨਹੀਂ ਆਉਂਦੀ –

(1) ਵਰਨਾਤਮਿਕ (2) ਬਿਰਤਾਂਤਕ

(3) ਚੇਤਨਾ ਪ੍ਰਵਾਹ (4) ਵਿਆਸ

122. ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹੜੇ ਰਾਗ ਦੀ ਵਰਤੋਂ ਨਹੀਂ ਕੀਤੀ –

(1) ਪ੍ਰਭਾਤੀ (2) ਭੈਰਉ

(3) ਸੋਰਠ (4) ਕਾਨੜਾ

123. 'ਵਿਆਕਰਨ ਦੀ ਸਿੱਖਿਆ ਆਗਮਨ ਵਿਧੀ ਨਾਲ ਹੋਣੀ ਚਾਹੀਦੀ ਹੈ ਅਤੇ ਇਸ ਦਾ ਪ੍ਰਯੋਗ ਨਿਗਮਨ ਵਿਧੀ ਨਾਲ।' ਕਿਸ ਦਾ ਕਥਨ ਹੈ–

(1) ਨਿਊਟਰ (2) ਸਾਪਿਰ

(3) ਐਰੀਕਸਨ (4) ਪੀ. ਸੀ. ਰੈੱਨ

124. ਕਿਹੜਾ ਸ਼ਬਦ ਪੜਨਾਂਵੀਂ ਵਿਸ਼ੇਸ਼ਣ ਵਜੋਂ ਨਹੀਂ ਆਉਂਦਾ–

(1) ਉਹ (2) ਕੀ

(3) ਕੌਣ (4) ਜਿਹੜਾ

125. ਬੀਰ, ਦਇਆ, ਉਦਾਸੀ ਦੇ ਭਾਵਾਂ ਨਾਲ ਸੰਬੰਧਿਤ ਵਿਸ਼ਿਆਂ ਵਾਲੀਆਂ ਵਰਣਨਾਤਮਿਕ ਕਵਿਤਾਵਾਂ ਕਿਹੜੇ ਸਿੱਖਿਆ ਪੱਧਰ ਤੋਂ ਆਰੰਭ ਕਰਨੀਆਂ ਚਾਹੀਦੀਆਂ ਹਨ –

(1) ਉੱਚ ਸ਼੍ਰੇਣੀ (2) ਸੀਨੀਅਰ ਪੱਧਰ

(3) ਮਿਡਲ ਸ਼੍ਰੇਣੀ (4) ਪ੍ਰਾਇਮਰੀ ਪੱਧਰ

126. 'ਨੇ' ਸੰਬੰਧਕ ਪੰਜਾਬੀ ਦੀ ਕਿਸ ਉਪਭਾਸ਼ਾ ਵਿੱਚ ਨਹੀਂ ਵਰਤਿਆ ਜਾਂਦਾ –

(1) ਮਾਝੀ (2) ਮਲਵਈ

(3) ਲਹਿੰਦੀ (4) ਦੁਆਬੀ

127. 'ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥' ਤੁਕ ਵਿੱਚ ਆਇਆ ਸ਼ਬਦ 'ਜੇਡੁ' ਕਿਸ ਭਾਸ਼ਾ ਦਾ ਹੈ –

(1) ਸਿੰਧੀ (2) ਸੰਸਕ੍ਰਿਤ

(3) ਅਰਬੀ (4) ਫ਼ਾਰਸੀ

128. ਬਿੰਦੀ (ਨਾਸਿਕਤਾ) ਦੀ ਸਭ ਤੋਂ ਵਧ ਵਰਤੋਂ ਕਿਸ ਨੇ ਕੀਤੀ ਹੈ –

(1) ਸ੍ਰੀ ਗੁਰੂ ਨਾਨਕ ਦੇਵ ਜੀ (2) ਸ੍ਰੀ ਗੁਰੂ ਅਰਜਨ ਦੇਵ ਜੀ

(3) ਭਗਤ ਕਬੀਰ ਜੀ (4) ਸ਼ੇਖ਼ ਫ਼ਰੀਦ ਜੀ

129. 'ਰਮਯਤੇ ਆਸ੍ਵਾਦਯਤੇ ਇਤਿ ਰਮਹ' ਤੋਂ ਭਾਵ ਹੈ –

(1) ਉਹ ਭਾਵ, ਜਿਸ ਤੋਂ ਕੋਈ ਚਮਤਕਾਰ ਪੈਦਾ ਹੋਵੇ। (2) ਉਹ ਭਾਵ, ਜਿਸ ਤੋਂ ਕੋਈ ਪਰਮ ਯਥਾਰਥ ਦੀ ਸੋਝੀ ਹੋਵੇ।

(3) ਉਹ ਭਾਵ, ਜਿਸ ਤੋਂ ਸ਼ਰੀਰਕ ਆਨੰਦ ਪ੍ਰਾਪਤ ਹੋਵੇ। (4) ਉਹ ਭਾਵ, ਜਿਸ ਤੋਂ ਕੋਈ ਸੁਆਦ ਜਾਂ ਮਜ਼ਾ ਪ੍ਰਾਪਤ ਹੋਵੇ।

130. 'ਪਾਤਸ਼ਾਹ' ਦਾ ਇਸਤਰੀ ਲਿੰਗ ਰੂਪ ਹੈ –

(1) ਮਲਕਾ (2) ਬੇਗਮ

(3) ਪਰੀ (4) ਤ੍ਰੀਮਤ



adda247

131. ਮਿਲਖਾ ਸਿੰਘ ਨੂੰ 'ਫਲਾਇੰਗ ਸਿੱਖ' ਕਿਹੜੀਆਂ ਖੇਡਾਂ ਦੌਰਾਨ ਕਿਹਾ ਗਿਆ –

(1) ਕਾਮਨਵੈਲਥ ਖੇਡਾਂ
(2) ਇੰਡੋ-ਪਾਕਿ-ਇਰਾਨ ਮੀਟ
(3) ਇੰਡੋ-ਪਾਕਿ ਮੀਟ
(4) ਓਲੰਪਿਕ ਖੇਡਾਂ

132. 'ਸਾਫ਼' ਸ਼ਬਦ ਦੀ ਸਥਿਤੀ ਹੈ –

(1) ਵਿਕਾਰੀ
(2) ਅਵਿਕਾਰੀ
(3) ਉਦੇਸ਼
(4) ਵਿਧੇਅ

133. 'ਮੁੰਦਾਵਣੀ' ਦਾ ਅਰਥ ਹੈ –

(1) ਉਸਤਤ
(2) ਸਮਾਪਤੀ
(3) ਮੀਟਣਾ
(4) ਛਾਪ

134. 'ਕਰਨਗੀਆਂ' ਸ਼ਬਦ ਵਿੱਚ ਕਿਰਿਆ ਦਾ ਬਹੁਵਚਨ ਪਿਛੇਤਰ ਹੈ –

(1) ਅਨ
(2) ਗ
(3) ਈ
(4) ਆਂ

135. 'ਪ੍ਰਗਟਾਵੇਂ ਦੀ ਸਿਖਲਾਈ ਤਿੰਨ ਤਰ੍ਹਾਂ ਨਾਲ ਕਰਨੀ ਚਾਹੀਦੀ ਹੈ – ਗੀਤਾਂ ਰਾਹੀਂ, ਹਿਲਜੁਲ ਰਾਹੀਂ ਅਤੇ ਰਚਨਾ ਰਾਹੀਂ।

ਉਪਰੋਕਤ ਕਥਨ ਦੀ ਪ੍ਰਤਿਪਾਦਕ ਵਿਧੀ ਹੈ –

(1) ਪ੍ਰਯੋਗ ਵਿਧੀ
(2) ਮਾਂਟੇਸਰੀ ਵਿਧੀ
(3) ਹਿਉਰਿਸਟਿਕ ਵਿਧੀ
(4) ਕਿੰਡਰਗਾਰਟਨ ਵਿਧੀ

136. ਬਚਿੱਤ੍ਰ ਨਾਟਕ ਵਿੱਚ 'ਪੰਜਾਬ' ਲਈ ਕਿਹੜਾ ਨਾਂ ਪ੍ਰਯੋਗ ਕੀਤਾ ਗਿਆ ਹੈ –

(1) ਪੰਚਨਦ
(2) ਮਦ੍ਰ ਦੇਸ਼
(3) ਇੰਦਸ
(4) ਮਗਧ

137. ਕਿਹੜੀ ਵਿਧੀ ਅਧਿਆਪਨ ਦੇ ਮੁਕਾਬਲੇ ਸਿੱਖਣ ਉੱਪਰ ਵਧੇਰੇ ਬੱਲ ਦਿੰਦੀ ਹੈ –

(1) ਸਿਧਾਂਤ ਪ੍ਰਣਾਲੀ
(2) ਆਗਮਨ ਪ੍ਰਣਾਲੀ
(3) ਨਿਗਮਨ ਪ੍ਰਣਾਲੀ
(4) ਸੂਤਰ ਪ੍ਰਣਾਲੀ

138. ਹੇਠ ਲਿਖੇ ਵਿੱਚੋਂ ਕਿਹੜੀ ਕਵਿਤਾ ਲੰਬੀ ਬਿਰਤਾਂਤਕ ਕਾਵਿ ਦੀ ਵੰਨਗੀ ਨਹੀਂ ਹੈ –

(1) ਰਾਧਾ ਸੰਦੇਸ਼
(2) ਸੀਤਾ ਸੰਦੇਸ਼
(3) ਕੰਡਿਆਲੀ ਥੋਰ੍ਹ
(4) ਸੁਨੇਹੁੜੇ

139. 'ਭਰ' ਸ਼ਬਦ ਦੀ ਵਰਤੋਂ ਆਮ ਤੌਰ ਤੇ ਕਿਸ ਵਿਸ਼ੇਸ਼ਣ ਨਾਲ ਹੁੰਦੀ ਹੈ –

(1) ਗੁਣ ਵਾਚਕ
(2) ਨਿਖੇੜ ਬੋਧਕ
(3) ਸੰਖਿਆ ਵਾਚਕ
(4) ਪਰਿਮਾਣ ਵਾਚਕ

140. ਚਿਸ਼ਤੀ ਅਤੇ ਚਿਸ਼ਤੀ ਸਾਬਰੀ ਸੰਪ੍ਰਦਾਇ ਵਿੱਚ 'ਮਾਰਫ਼ਤ' ਸੂਫ਼ੀ ਸਾਧਨਾ ਦੀ ਕਿੰਨਵੀ ਮੰਜ਼ਿਲ ਮੰਨੀ ਗਈ ਹੈ –

(1) ਪਹਿਲੀ
(2) ਦੂਜੀ
(3) ਤੀਜੀ
(4) ਚੌਥੀ

141. 'ਜਪੁ' ਵਿੱਚ ਕਿਹੜੇ ਅਲੰਕਾਰ ਦੀ ਪ੍ਰਧਾਨਤਾ ਹੈ –

(1) ਉਪਮਾ
(2) ਰੂਪਕ
(3) ਅਨੁਪ੍ਰਾਸ
(4) ਅਤਿਕਥਨੀ

142. ਡਾ. ਲਾਜਵੰਤੀ ਰਾਮਾਕ੍ਰਿਸ਼ਨਾ ਕਿਸ ਸੂਫ਼ੀ ਕਵੀ ਨੂੰ ਤਸੱਵਫ਼ ਦੇ ਖੇਤਰ ਵਿੱਚ ਸਾਈਂ ਬੁੱਲੇਸ਼ਾਹ ਦੇ ਬਰਾਬਰ ਦਰਜ਼ਾ ਦਿੰਦੀ ਹੈ –

(1) ਸ਼ਾਹ ਹੁਸੈਨ
(2) ਸੁਲਤਾਨ ਬਾਹੂ
(3) ਹਾਸ਼ਮ
(4) ਵਜੀਦ



adda247

143. 'ਪੰਜਾਬ ਦੇ ਦਰਿਆ' ਕਵਿਤਾ ਵਿੱਚ ਆਏ ਦਰਿਆਵਾਂ ਦਾ ਕਿਹੜਾ ਕ੍ਰਮ ਸਹੀ ਹੈ –

(1) ਰਾਵੀ, ਸਤਲੁਜ, ਝਨਾਂ, ਜਿਹਲਮ, ਬਿਆਸ
(2) ਰਾਵੀ, ਸਤਲੁਜ, ਬਿਆਸ, ਝਨਾਂ, ਜਿਹਲਮ
(3) ਸਤਲੁਜ, ਬਿਆਸ, ਰਾਵੀ, ਝਨਾਂ, ਜਿਹਲਮ
(4) ਰਾਵੀ, ਸਤਲੁਜ, ਬਿਆਸ, ਜਿਹਲਮ, ਝਨਾਂ

144. 'ਲਾਗੀਆਂ ਲਾਗ ਲੈ ਲੈਣਾ ਏ, ਪਰਾਈ ਧੀ ਭਾਵੇਂ ਘਰ ਜਾਂਦਿਆਂ ਹੀ ਰੰਡੀ ਬਹਿ ਜਾਏ।'

ਉਪਰੋਕਤ ਸਤਰਾਂ ਕਿਸ ਰਚਨਾ ਵਿਚੋਂ ਹਨ –

(1) ਗੰਗਾਦੀਨ
(2) ਮੰਨ ਦੀਆਂ ਮਨ ਵਿੱਚ
(3) ਬੇਈਮਾਨ
(4) ਮੀਂਹ ਜਾਵੇ ਹਨ੍ਹੇਰੀ ਜਾਵੇ

145. 'ਬਕਾ' ਦਾ ਸੰਬੰਧ ਕਿਸ ਸੂਫ਼ੀ ਮੰਜ਼ਿਲ ਨਾਲ ਹੈ –

(1) ਸ਼ਰੀਅਤ
(2) ਤਰੀਕਤ
(3) ਮਾਰਫ਼ਤ
(4) ਹਕੀਕਤ

146. ਸ਼ਾਹ ਹੁਸੈਨ ਨੇ ਆਪਣੀ ਰਚਨਾ ਵਿੱਚ ਕਿੰਨੇ ਰਾਗਾਂ ਦੀ ਵਰਤੋਂ ਕੀਤੀ –

(1) 28
(2) 30
(3) 32
(4) 34

147. ਕਵਿਤਾ ਸਿੱਖਿਆ ਲਈ ਹੋਰ ਸਭ ਵਿਧੀਆਂ ਦੀ ਥਾਂ ਸਿੱਧਾ ਕਵਿਤਾ ਪਾਠ ਤੋਂ ਆਰੰਭ ਕਰਨ ਦੀ ਸਲਾਹ ਕਿਹੜਾ ਵਿਦਵਾਨ ਦਿੰਦਾ ਹੈ –

(1) ਐਮਰਸਨ
(2) ਜੁੰਗ
(3) ਹੈਡੋ
(4) ਹਡਸਨ

148. ਭਾਈ ਗੁਰਦਾਸ ਰਚਿਤ ਕਿਹੜੀ ਵਾਰ ਨੂੰ 'ਮੀਣਿਆਂ ਦੀ ਵਾਰ' ਕਿਹਾ ਜਾਂਦਾ ਹੈ –

(1) 33ਵੀਂ
(2) 34ਵੀਂ
(3) 35ਵੀਂ
(4) 36ਵੀਂ

149. ਆਂਗਿਕ, ਵਾਚਿਕ, ਸਾਤਵਿਕ, ਆਹਾਰਯ ਕਿਸਦੇ ਅੰਗ ਹਨ –

(1) ਕਥਾਨਕ
(2) ਰੰਗਮੰਚ
(3) ਅਨੁਕਰਨ
(4) ਅਭਿਨੈ

150. ਸੰਨ 1953 ਵਿੱਚ ਪੈਪਸੂ ਸਰਕਾਰ ਦੇ ਪੰਜਾਬੀ ਵਿਭਾਗ ਵੱਲੋਂ ਆਯੋਜਿਤ ਸਨਮਾਨ ਸਮਾਰੋਹ ਸਮੇਂ ਕਿਹੜੀ ਕਵਿਤਾ ਪੜ੍ਹੀ ਗਈ –

(1) ਪੰਜਾਬੀ ਦਾ ਸੁਪਨਾ
(2) ਮੈਂ ਪੰਜਾਬੀ
(3) ਇਨਸਾਨਸਤਾਨ
(4) ਦਿਲੀ ਵਲਵਲੇ

-----------XXXX-----------



adda247

रफ कार्य के लिए स्थान/Space for Rough Work

adda247